ਵਿਦੇਸ਼ ਮੰਤਰੀ ਨੇ ਆਸਟਰੀਆ ਦੇ ਵਿਦੇਸ਼ ਮੰਤਰੀ, ਸ਼੍ਰੀਮਤੀ ਬੀਆਤੇ ਮੀਨਲ-ਰਾਈਜ਼ਿੰਗਰ ਨਾਲ ਮੁਲਾਕਾਤ ਕੀਤੀ

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ 28 ਅਕਤੂਬਰ, 2026 ਨੂੰ ਨਵੀਂ ਦਿੱਲੀ ਵਿੱਚ ਆਸਟਰੀਆ ਦੇ ਵਿਦੇਸ਼ ਮੰਤਰੀ ਸ਼੍ਰੀਮਤੀ ਬੀਆਤੇ ਮੀਨਲ-ਰਾਈਜ਼ਿੰਗਰ ਨਾਲ ਮੁਲਾਕਾਤ ਕੀਤੀ।

2. ਬੈਠਕ ਦੌਰਾਨ, ਦੋਵਾਂ ਮੰਤਰੀਆਂ ਨੇ ਦੁਵੱਲੇ ਸਬੰਧਾਂ ਦੇ ਸਮੁੱਚੇ ਪਹਿਲੂਆਂ ਦੀ ਸਮੀਖਿਆ ਕੀਤੀ। ਚਰਚਾ ਵਿੱਚ ਰਾਜਨੀਤਿਕ ਆਦਾਨ-ਪ੍ਰਦਾਨ, ਵਪਾਰ ਅਤੇ ਨਿਵੇਸ਼, ਨਵੀਨਤਾ ਅਤੇ ਤਕਨਾਲੋਜੀ, ਸਿੱਖਿਆ, ਗਤੀਸ਼ੀਲਤਾ, ਰੱਖਿਆ ਅਤੇ ਸੁਰੱਖਿਆ ਅਤੇ ਲੋਕਾਂ ਵਿਚਕਾਰਲੇ ਆਦਾਨ-ਪ੍ਰਦਾਨ ਸਮੇਤ ਮੁੱਖ ਖੇਤਰਾਂ ਵਿੱਚ ਪ੍ਰਗਤੀ 'ਤੇ ਧਿਆਨ ਕੇਂਦਰਿਤ ਕੀਤਾ ਗਿਆ। ਉਨ੍ਹਾਂ ਨੇ ਮਹੱਤਵਪੂਰਨ ਵਿਸ਼ਵ-ਵਿਆਪੀ ਅਤੇ ਖੇਤਰੀ ਮੁੱਦਿਆਂ 'ਤੇ ਵੀ ਵਿਚਾਰਾਂ ਦਾ ਆਦਾਨ-ਪ੍ਰਦਾਨ ਕੀਤਾ ਅਤੇ ਸੰਯੁਕਤ ਰਾਸ਼ਟਰ ਸਮੇਤ ਬਹੁਪੱਖੀ ਮੰਚਾਂ 'ਤੇ ਨੇੜਲੇ ਸਹਿਯੋਗ ਲਈ ਸਹਿਮਤੀ ਪ੍ਰਗਟਾਈ।

3. ਭਾਰਤ ਅਤੇ ਆਸਟਰੀਆ ਦੇ ਆਪਸੀ ਸੰਬੰਧ ਦੋਸਤਾਨਾ ਅਤੇ ਬਹੁ-ਪੱਖੀ ਹਨ। ਆਸਟਰੀਆ ਦੇ ਸੰਘੀ ਚਾਂਸਲਰ ਦੀ ਹਾਲੀਆ ਯਾਤਰਾ ਤੋਂ ਬਾਅਦ ਆਸਟਰੀਆ ਦੇ ਵਿਦੇਸ਼ ਮੰਤਰੀ ਦੀ ਇਹ ਯਾਤਰਾ, ਵਧੀ ਹੋਈ ਭਾਰਤ-ਆਸਟਰੀਆ ਸਾਂਝੇਦਾਰੀ ਨੂੰ ਹੋਰ ਮਜ਼ਬੂਤ ਕਰਨ ਦੀ ਸਾਂਝੀ ਇੱਛਾ ਨੂੰ ਦਰਸਾਉਂਦੀ ਹੈ।

ਨਵੀਂ ਦਿੱਲੀ

29 ਅਕਤੂਬਰ, 2026